[redacted]

# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ


ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ

ਫੋਨ ਨੰ: 0172-501565, ਫੈਕਸ ਨੰ: 0172-2624687 ਈ.ਮੇਲ dgsepunjab18@gmail.com


## ਹੁਕਮ

ਨੰ: ਡੀ.ਜੀ.ਐਸ.ਈ/ਇਨਫੋਰਸਮੈਂਟ /2013/ਏਓ 1037-1039 ਮਿਤੀ 18/2/13

ਸ੍ਰੀ ਕੁਲਦੀਪ ਲਾਲ, ਸੀ.ਐਚ.ਟੀ ਸ.ਅ.ਸ ਪੰਡੋਰੀ ਸਿੱਧਵਾਂ ਬਲਾਕ ਤਰਨਤਾਰਨ ਵਿਰੁੱਧ ਮਿਤੀ 31.1.13 ਨੂੰ ਜ਼ਿਲਾ ਸਿੱਖਿਆ ਅਫਸਰ (ਐ:ਸਿ ) ਤਰਨਤਾਰਨ ਵੱਲੋਂ ਕੀਤੀ ਗਈ ਅਚਨਚੇਤ ਚੈਕਿੰਗ ਦੌਰਾਨ ਨਿਮਨਲਿਖਤ ਕੋਤਾਹੀਆਂ ਪਾਈਆਂ ਗਈਆਂ :-

- ਸ੍ਰੀ ਕੁਲਦੀਪ ਲਾਲ, ਸੀ.ਐਚ.ਟੀ ਸ.ਅ.ਸ ਪੰਡੋਰੀ ਸਿੱਧਵਾਂ ਬਲਾਕ ਤਰਨਤਾਰਨ ਸਕੂਲ ਵਿੱਚੋਂ ਅਕਸਰ ਗੈਰ-ਹਾਜ਼ਰ ਰਹਿੰਦਾ ਹੈ ਅਤੇ ਨਿਜੀ ਕੰਮਾਂ ਲਈ ਸਕੂਲ ਤੋਂ ਗਾਇਬ ਰਹਿੰਦਾ ਹੈ।
- ਸਕੂਲ ਵਿੱਚ ਵਾਧੂ ਕਮਰੇ ਲਈ ਗਰਾਂਟ ਦੀ ਵਰਤੋਂ ਸਰਵ ਸਿੱਖਿਆ ਅਭਿਆਨ ਦੇ ਨਿਯਮਾਂ ਅਨੁਸਾਰ ਨਹੀਂ ਕੀਤੀ ਗਈ। ਸਕੂਲ ਮੁਖੀ ਸ੍ਰੀ ਕੁਲਦੀਪ ਲਾਲ ਨੂੰ ਵਾਰ ਵਾਰ ਕਹਿਣ ਦੇ ਬਾਵਜੂਦ ਇਸ ਵਿਚਲੀਆਂ ਕਮੀਆਂ ਦੂਰ ਨਹੀਂ ਕੀਤੀਆਂ ਗਈਆਂ ।
- ਚਾਰਦੀਵਾਰੀ ਦੀ ਗਰਾਂਟ ਜੋ ਸਕੂਲ ਮੁਖੀ ਨੂੰ ਪ੍ਰਾਪਤ ਹੋਈ ਹੈ ਉਸ ਵਿੱਚ ਪਹਿਲਾਂ ਸਕੂਲ ਵਿੱਚ ਮੌਜੂਦ ਪੁਰਾਣੀਆਂ ਇੱਟਾਂ ਦੀ ਵਰਤੋਂ ਕੀਤੀ ਜਾਣੀ ਸੀ ਜਦੋਂ ਕਿ ਸਕੂਲ ਮੁਖੀ ਸ੍ਰੀ ਕੁਲਦੀਪ ਲਾਲ ਨੇ ਪਹਿਲਾਂ ਹੀ ਨਵੀਆਂ ਇੱਟਾਂ ਲਈ 91,500/- ਰੁ: ਅਤੇ ਰੇਤ ਅਤੇ ਸੀਮੈਂਟ ਲਈ 76,000/- ਰੁ: ਕਢਵਾ ਲਏ ਹਨ ਪਰ ਸਕੂਲ ਵਿੱਚ ਉਪਰੋਕਤ ਰਾਸ਼ੀ ਨਾਲ ਖਰੀਦਿਆ ਗਿਆ ਮੈਟੀਰੀਅਲ ਪੂਰੀ ਮਾਤਰਾ ਵਿੱਚ ਮੌਜੂਦ ਨਹੀਂ ਹੈ।
- ਮੁਢਲੀ ਪੜਤਾਲ ਤੋਂ ਇਹ ਗੱਲ ਸਪਸ਼ਟ ਹੋਈ ਹੈ ਕਿ ਸ੍ਰੀ ਕੁਲਦੀਪ ਲਾਲ ਸਕੂਲ ਮੁਖੀ ਦੁਆਰਾ ਵਿਤੀ ਬੇ ਨਿਯਮੀਆਂ ਕੀਤੀਆਂ ਗਈਆਂ ਹਨ।

ਸ੍ਰੀ ਕੁਲਦੀਪ ਲਾਲ, ਸੀ.ਐਚ.ਟੀ ਸ.ਅ.ਸ ਪੰਡੋਰੀ ਸਿੱਧਵਾਂ ਬਲਾਕ ਤਰਨਤਾਰਨ ਦੀਆਂ ਉਪਰੋਕਤ ਕੋਤਾਹੀਆਂ ਬੜੀਆਂ ਗੰਭੀਰ ਹਨ । ਇਨ੍ਹਾਂ ਉਕਤ ਗੰਭੀਰ ਕੋਤਾਹੀਆਂ ਕਾਰਨ ਸ੍ਰੀ ਕੁਲਦੀਪ ਲਾਲ , ਸੀ.ਐਚ.ਟੀ ਸ.ਅ.ਸ ਪੰਡੋਰੀ ਸਿੱਧਵਾਂ ਬਲਾਕ ਤਰਨਤਾਰਨ ਨੂੰ ਪੰਜਾਬ ਸਿਵਲ ਸੇਵਾਵਾਂ ( ਸਜ਼ਾ ਅਤੇ ਅਪੀਲ) ਨਿਯਮਾਂ ਦੇ ਨਿਯਮ 4(1) ਅਧੀਨ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੌਰਾਨ ਉਸਦਾ ਹੈਡ ਕੁਆਟਰ ਦਫਤਰ ਜ਼ਿਲਾ ਸਿੱਖਿਆ ਅਫਸਰ (ਐ:ਸਿ) ਤਰਨਤਾਰਨ ਵਿਖੇ ਹੋਵੇਗਾ ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰ: ਡੀ.ਜੀ.ਐਸ.ਈ/ਇਨਫੋਰਸਮੈਂਟ /2013/ ਮਿਤੀ 19/2/13

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ)/ਪੰਜਾਬ, [redacted] ਮੋਹਾਲੀ
2. ਜ਼ਿਲਾ ਸਿੱਖਿਆ ਅਫਸਰ (ਐ:ਸਿ) ਤਰਨਤਾਰਨ।
3. ਸੰਬੰਧਤ ਕਰਮਚਾਰੀ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।